Weekly

# CANADA SIKH TIMES

15 - 21 October, 2023 ਕੈਨੇਡਾ ਸਿੱਖ ਟਾਈਮਜ਼ Volume 1 Issue 20

• RELIGION • CULTURE • HERITAGE • BUSINESS

## New PNP Program: Get Work Permit & PR without Ielts & Proof of Funds



Low IELTS and no verification of financing; key worker pilot program in New Brunswick. The New Brunswick Critical Worker Pilot Program invites you to take part in an interesting investigation where your ambition of working and residing in this beautiful Canadian province can come true. This comprehensive guide will walk you through the ins and outs of this program's slower IELTS requirements and do away with the demand for upfront evidence of finances. New Brunswick has widened its doors to everyone, whether you're a competent worker or someone looking for a new start in your profession. Let's examine the specifics and learn about the possibilities offered by the New Brunswick key worker pilot program.

## ਕੈਨੇਡਾ ਮੁਹੱਈਆ ਕਰਾਵੇਗਾ 10 ਮਿਲੀਅਨ ਡਾਲਰ ਦੀ ਮਨੁੱਖਤਾਵਾਦੀ ਮਦਦ




ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਕੈਨੇਡਾ ਵੱਲੋਂ ਇਜ਼ਰਾਈਲ ਤੇ ਗਾਜ਼ਾ ਪੱਟੀ ਉੱਤੇ ਮਨੁੱਖਤਾਵਾਦੀ ਸਹਿਯੋਗ ਲਈ 10 ਮਿਲੀਅਨ ਡਾਲਰ ਦੀ ਮੁੱਢਲੀ ਰਕਮ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਇਹ ਵੀ ਆਖਿਆ ਕਿ ਅੱਜ ਏਅਰਲਿਫਟ ਕੀਤੇ ਗਏ 130 ਕੈਨੇਡੀਅਨ ਸਹੀ ਸਲਾਮਤ ਏਥਨਜ਼ ਪਹੁੰਚ ਗਏ ਹਨ। ਫੈਡਰਲ ਸਰਕਾਰ ਨੇ ਬੁੱਧਵਾਰ ਨੂੰ ਇਹ ਆਖਿਆ ਸੀ ਕਿ ਫਲਾਈਟਸ 150 ਪੈਸੈਂਜਰਜ਼ ਨੂੰ ਲੈ ਕੇ ਅੱਜ ਤੋਂ ਰਵਾਨਾ ਹੋਣੀਆਂ ਸ਼ੁਰੂ ਹੋ ਜਾਣਗੀਆਂ। ਅਧਿਕਾਰੀਆਂ ਨੇ ਦੱਸਿਆ ਕਿ ਸ਼ਨਿੱਚਰਵਾਰ ਨੂੰ ਲੜਾਈ ਸ਼ੁਰੂ ਹੋਣ ਤੋਂ ਬਾਅਦ 700 ਦੇ ਨੇੜੇ ਤੇੜੇ ਕੈਨੇਡੀਅਨਜ਼ ਨੇ ਇਜ਼ਰਾਈਲ ਤੋਂ ਬਾਹਰ ਕੱਢੇ ਜਾਣ ਲਈ ਮਦਦ ਮੰਗੀ ਸੀ। ਕੈਨੇਡਾ ਆਮ ਤੌਰ 'ਤੇ ਉਦੋਂ ਮਿਲਟਰੀ ਏਅਰ ਟਰਾਂਸਪੋਰਟੇਸ਼ਨ ਮੁਹੱਈਆ ਨਹੀਂ ਕਰਵਾਉਂਦਾ ਜਦੋਂ ਕਮਰਸ਼ੀਅਲ ਫਲਾਈਟਸ ਚਲ ਰਹੀਆਂ ਹੋਣ ਪਰ ਇਸ ਸਥਿਤੀ ਵਿਚ ਲੋਕਾਂ ਵੱਲੋਂ ਟਿਕਟਾਂ ਨਾ ਖਰੀਦ ਸਕਣ ਕਰਕੇ ਮਦਦ ਭੇਜੀ ਗਈ ਹੈ।

## ਢਹਿੰਦੀ ਤੋਂ ਚੜ੍ਹਦੀਕਲਾ




21ਵੀਂ ਸਦੀ ਵਿਗਿਆਨ ਦਾ ਯੁੱਗ ਹੈ ਤੇ ਵਿਗਿਆਨ ਨੇ ਮਨੁੱਖ ਸਮਾਜ ਦੀ ਉੱਨਤੀ ਵਿੱਚ ਵੱਡਾ ਯੋਗਦਾਨ ਪਾਇਆ ਹੈ। ਭੌਤਿਕ ਪੱਧਰ ਉੱਤੇ ਮਨੁੱਖ ਨੇ ਬਹੁਤ ਉੱਨਤੀ ਕੀਤੀ ਹੈ, ਪਰ ਨਾਲ ਹੀ ਅਧਿਆਤਮਕ ਤੌਰ 'ਤੇ ਲੋਕ-ਮਨ ਕਮਜ਼ੋਰ ਅਤੇ ਢਹਿੰਦੀਕਲਾ ਵਾਲਾ ਵੀ ਬਹੁਤ ਹੋਇਆ ਹੈ। ਮਨ ਨੂੰ ਦੁਬਿਧਾ ਮੁਕਤ ਕਰਕੇ ਚੜ੍ਹਦੀਕਲਾ 'ਚ ਰੱਖਣ, ਅਧਿਆਤਮਕ ਜੀਵਨ ਜੀਊਣ ਅਤੇ ਸਤਿਗੁਰ ਦੀ ਪ੍ਰਾਪਤੀ ਲਈ ਗੁਰੂ ਸਾਹਿਬਾਨ ਦਾ ਫੁਰਮਾਣ ਹੈ: **ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ॥ ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ॥** ਪ੍ਰਮਾਤਮਾ ਦੇ ਮਿਲਣ ਉਪਰੰਤ ਹੀ ਮਨ ਵਿੱਚ ਆਨੰਦ ਪੈਦਾ ਹੁੰਦਾ ਹੈ, ਮਨ ਦੀ ਦਵੈਤ ਭਾਵਨਾਂ ਤੇ ਡਾਵਾਂ ਡੋਲ ਹਾਲਤ ਮੁੱਕ ਜਾਂਦੀ ਹੈ ਅਤੇ ਅਕਾਲ ਪੁਰਖ ਦੇ ਮਿਲਾਪ ਦੀ ਸਭ ਤੋਂ ਉੱਚੀ ਆਤਮਕ ਅਵਸਥਾ ਪੈਦਾ ਹੋ ਜਾਂਦੀ ਹੈ। ਉਪਰੋਕਤ ਸੰਕਲਪ ਦਾ ਬੀਅ ਸਿੱਖ ਧਰਮ ਦੇ ਪਹਿਲੇ ਰਹਿਬਰ ਗੁਰੂ ਨਾਨਕ ਸਾਹਿਬ ਦੇ ਆਗਮਨ ਨਾਲ ਬੋਇਆ ਗਿਆ ਅਤੇ ਸਿੱਖ ਧਰਮ ਸਾਰੀ ਮਨੁੱਖਤਾ ਨੂੰ ਅੱਜ ਵੀ ਇਸ ਸੰਕਲਪ 'ਤੇ ਤੁਰਨ ਲਈ ਪ੍ਰੇਰ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿਰਫ ਮਨ ਹੀ ਨਹੀਂ ਸਗੋਂ ਜ਼ਿੰਦਗੀ ਦੇ ਹਰ ਪੱਖ ਬਾਰੇ ਨਿਰਣੇਜਨਕ ਢੰਗ ਨਾਲ ਰੌਸ਼ਨੀ ਪਾਈ ਗਈ ਹੈ। ਅਜੋਕੇ ਮੁਸ਼ਕਲ ਦੌਰ 'ਚ ਅਸੀਂ ਸਿਰਫ਼ ਗੁਰੂਆਂ ਦੇ ਦਿਖਾਏ ਮਾਰਗ 'ਤੇ ਚਲ ਕੇ ਹੀ ਮੰਜ਼ਲ ਤਾਈਂ ਅੱਪੜ ਸਕਦੇ ਹਾਂ। ਅੱਜ ਸਾਨੂੰ ਲੋੜ ਹੈ ਅੰਨੀ ਸ਼ਰਧਾ, ਕਰਮ ਕਾਂਡ ਤੇ ਕਰਾਮਾਤਾਂ ਤੋਂ ਕਿਨਾਰਾ ਕਰਦਿਆਂ ਵਿਚਾਰਧਾਰਕ ਤੌਰ ਤੇ ਪ੍ਰਕਾਸ਼ਿਤ ਮਾਰਗ ਨੂੰ ਅਪਨਾਉਣ ਦੀ ਤਾਂ ਜੋ ਸਿੱਖੀ ਦਾ ਵਿਕਾਸ ਚੜ੍ਹਦੀਕਲਾ ਵਾਲਾ ਹੋ ਸਕੇ।

– ਪੁਸਤਕ ਆਗਾਹਾ ਕੂ ਤ੍ਰਾਘਿ 'ਚੋਂ

# DESH VIDESH

## ਅਨੰਦਪੁਰ ਸਾਹਿਬ ਜੀ ਦਾ ਇਤਿਹਾਸ ਤੇ ਕੁਛ ਮੁੱਖ ਤੱਤ

– ਸਰੋਜ ਕੌਰ, ਨਵੀਂ ਦਿੱਲੀ



ਗੁਰੂ ਤੇਗ ਬਹਾਦੁਰ ਸਾਹਿਬ ਜੀ ਨੇ ਰਾਜਾ ਦੀਪ ਸਿੰਘ ਜੀ ਦੀ ਰਾਣੀ ਚੰਪਾ ਦੇ ਪਾਸੋਂ ਕੁੱਝ ਪਿੰਡਾਂ ਦੀ ਜ਼ਮੀਨ ਖਰੀਦ ਕੇ 19 ਜੂਨ 1665 ਇਸਵੀ ਨੂੰ ਚੱਕ ਨਾਨਕੀ ਅਨੰਦਪੁਰ ਸਾਹਿਬ ਜੀ ਦੀ ਸਥਾਪਨਾ ਕੀਤੀ। ਸਥਾਪਨਾ ਤੋਂ ਬਾਅਦ ਗੁਰੂ ਸਾਹਿਬ ਪਰਿਵਾਰ ਸਮੇਤ ਇੱਥੇ ਹੀ ਰਹਿਣ ਲੱਗੇ। ਇਸ ਸ਼ਹਿਰ ਦਾ ਪੁਰਾਣਾ ਨਾਮ ਮਾਖੋਵਾਲ ਸੀ। ਇੱਥੇ ਮਾਖੋ ਨਾਮ ਦਾ ਦੈਂਤ ਸੀ ਜੋ ਕਿਸੇ ਨੂੰ ਏਥੇ ਵੱਸਣ ਨਹੀਂ ਦਿੰਦਾ ਸੀ। ਜਦੋਂ ਗੁਰੂ ਸਾਹਿਬ ਜੀ ਨੇ ਇੱਥੇ ਚਰਨ ਪਾਏ ਤਾਂ ਉਹ ਹੀ ਮਾਖੋਵਾਲ ਧਰਮ ਦਾ ਗੜ ਅਨੰਦਪੁਰ ਸਾਹਿਬ ਹੋ ਗਿਆ। ਤੇ ਹੁਣ ਗੱਲ ਸਮਝੀਏ! ਜਦੋਂ ਪਹਿਲੀ ਵਾਰ ਗੁਰੂ ਗੋਬਿੰਦ ਸਿੰਘ ਜੀ ਪਟਨਾ ਸਾਹਿਬ ਜੀ ਤੋਂ ਆਏ ਤਾਂ ਉਨ੍ਹਾਂ ਨੇ ਸੰਗਤਾਂ ਦੇ ਨਾਲ ਆਨੰਦ ਸਾਹਿਬ ਜੀ ਦੀ ਪਹਿਲੀ ਪੰਜ ਪੌੜੀਆ ਦਾ ਪਾਠ ਕੀਤਾ। ਬੇਟੇ ਗੋਬਿੰਦ ਰਾਏ ਜੀ ਦੇ ਪਿਆਰ ਤੇ ਸ਼ਰਧਾ ਨੂੰ ਵੇਖ ਕੇ ਗੁਰੂ ਤੇਗ ਬਹਾਦੁਰ ਸਾਹਿਬ ਜੀ ਨੇ ਫਰਮਾਇਆ ਅੱਜ ਤੋਂ ਏਸ ਨਗਰ ਦਾ ਨਾਮ ਆਨੰਦਪੁਰ ਸਾਹਿਬ ਹੋਆ। 30 ਸਾਲ ਤਕ ਗੁਰੂ ਗੋਬਿੰਦ ਸਿੰਘ ਜੀ ਇਥੇ ਰਹੇ ਸਨ।

ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ ਅਤੇ ਮਾਤਾ ਸੁੰਦਰੀ ਜੀ ਨੇ ਆਪਣਾ ਸਮੇਂ ਇਥੇ ਹੀ ਬਤੀਤ ਕੀਤਾ। ਇਥੇ ਹੀ ਤਿੰਨ ਸਾਹਿਬਜ਼ਾਦਿਆਂ ਦਾ ਜਨਮ ਹੋਇਆ। ਇੱਥੇ ਹੀ ਕਸ਼ਮੀਰੀ ਪੰਡਤ ਔਰਗਜ਼ੇਬ ਦੇ ਜ਼ੁਲਮਾਂ ਤੋਂ ਬਚਣ ਲਈ ਆਏ ਸੀ। 1704 ਇਸਵੀ ਤੱਕ ਗੁਰੂ ਗੋਬਿੰਦ ਸਿੰਘ ਜੀ ਆਪਣੇ ਚਾਰੇ ਪੁਤਰਾਂ ਦੇ ਨਾਲ ਏਥੇ ਹੀ ਰਹੇ ਸਨ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਸਾਇਆ ਗਿਆ। 1699 ਇਸਵੀ ਵਿੱਚ ਖਾਲਸਾ ਪੰਥ ਦੀ ਸਿਰਜਨਾ ਕੀਤੀ ਗਈ। ਤੇ ਅੰਮ੍ਰਿਤ ਪਾਨ ਵੀ ਕਰਵਾਇਆ ਗਿਆ। ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਪੰਜ ਪਿਆਰਿਆਂ ਤੋਂ ਆਪ ਅੰਮ੍ਰਿਤ ਛਕ ਕੇ ਆਪ ਗੁਰੂ ਸਾਹਿਬ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਜੀ ਬਣੇ।

### ਅਨੰਦਪੁਰ ਸਾਹਿਬ ਬਾਰੇ ਕੁਝ ਮੁੱਖ ਤੱਤ

1. ਰੈੱਡ ਕਰਾਸ ਦੇ ਜਨਮਦਾਤਾ ਭਾਈ ਕਨਈਆ ਸਿੰਘ ਜੀ ਦਾ ਇਤਿਹਾਸਿਕ ਸਥਾਨ ਅਨੰਦਪੁਰ ਸਾਹਿਬ ਹੀ ਹੈ।
2. ਖਾਲਸਾ ਪੰਥ ਨੂੰ ਵੱਖਰਾ ਅਤੇ ਨਿਵੇਕਲਾ ਰੂਪ ਵੀ ਇਥੇ ਹੀ ਮਿਲਦਾ ਹੈ।
3. ਅੰਮ੍ਰਿਤ ਦੀ ਦਾਤ ਦੇਕੇ ਇਤਿਹਾਸ ਵੀ ਇਥੇ ਹੀ ਰਚਿਆ ਗਿਆ।
4. ਗਰੀਬ ਤੇ ਮਜ਼ਲੂਮਾਂ ਦੀ ਬਾਂਹ ਵੀ ਇਥੇ ਹੀ ਪਕੜੀ ਤੇ ਜ਼ੁਲਮਾਂ ਦੇ ਅੰਤ ਦੀ ਸ਼ੁਰੂਆਤ ਵੀ ਇਥੋਂ ਹੀ ਹੁੰਦੀ ਹੈ।
5. ਜਿਹੜੀ ਸਾਨੂੰ ਸਿੰਘ ਤੇ ਕੌਰ ਦੀ ਪਹਿਚਾਣ ਮਿਲੀ ਹੈ; ਉਹ ਵੀ ਇਥੋਂ ਹੀ ਪ੍ਰਾਪਤ ਹੁੰਦੀ ਹੈ।
6. ਸਾਡਾ ਜਨਮ ਸਥਾਨ ਕੇਸਗੜ੍ਹ ਸਾਹਿਬ ਜੀ ਦੇ ਨਾਮ ਨਾਲ ਇਥੋਂ ਹੀ ਜਾਣਿਆ ਜਾਂਦਾ ਹੈ।
7. ਅੱਠਵਾਂ ਅਜੂਬਾ ਵਿਰਾਸਤ- ਖਾਲਸੇ ਦੀ ਸਥਾਪਨਾ ਵੀ ਇਥੋਂ ਹੀ ਹੁੰਦੀ ਹੈ।

◆◆◆

## ਪੰਜਾਬੀ ਲਿਖਾਰੀ ਸਭਾ (ਰਜਿ.) ਸਿਆਟਲ ਪੰਜਾਬ ਭਵਨ ਸਰੀ ਦੇ ਵੇਹੜੇ



ਪੰਜਾਬ ਭਵਨ ਸਰੀ ਦੇ ਬਾਨੀ ਸ਼੍ਰੀ ਸੁੱਖੀ ਬਾਠ, ਅੰਤਰਰਾਸ਼ਟਰੀ ਪੱਧਰ ਦੇ ਕਵੀ ਕਵਿੰਦਰ ਚਾਂਦ ਅਤੇ ਸਿਰਤਾਜ ਲੇਖਕ ਕਵੀ ਅਮਰੀਕ ਪਲਾਹੀ ਵੱਲੋਂ ਪਿਆਰ ਭਰੇ ਸੱਦੇ ਨੂੰ ਸਿਰ ਮੱਥੇ ਮੰਨਦਿਆਂ ਪੰਜਾਬੀ ਲਿਖਾਰੀ ਸਭਾ (ਰਜਿ.) ਸਿਆਟਲ ਦੇ ਮੈਂਬਰਾਂ, ਅਹੁਦੇਦਾਰਾਂ ਦੀ, ਅਕਤੂਬਰ 8 ਅਤੇ 9 ਦੋ ਦਿਨਾਂ ਕੌਮਾਂਤਰੀ ਪੰਜਾਬੀ ਸਾਹਿਤ, ਚੇਤਨਤਾ ਅਤੇ ਪਰਵਾਸ ਵਿਸ਼ੇ ਉਪਰ 'ਸਾਲਾਨਾ ਸੰਮੇਲਨ-5' ਵਿੱਚ ਸਨੇਹਭਰੀ ਹਾਜ਼ਰੀ, ਅਮਰੀਕਾ ਕੈਨੇਡਾ ਦੀ ਦੋਸਤੀ ਦੇ ਰੰਗ ਨੂੰ ਹੋਰ ਗੂਹੜਾ ਕਰ ਰਹੀ ਸੀ। ਇਸ ਸੰਮੇਲਨ ਵਿੱਚ ਦੇਸ਼ ਦੁਨੀਆਂ ਤੋਂ ਆਪੋ-ਆਪਣੇ ਵਿਸ਼ਿਆਂ ਦੇ ਮਾਹਿਰਾਂ ਨੇ ਸਮਾਜ ਨੂੰ ਪੇਸ਼ ਸਮੱਸਿਆਵਾਂ ਦੇ ਵਿਸ਼ਲੇਸ਼ਣ ਨਾਲ ਸਾਂਝ ਪਵਾਈ।

ਧਰਤੀ ਦੇ ਵੱਖ ਵੱਖ ਖਿੱਤਿਆਂ ਤੋਂ ਵਿਸ਼ੇਸ਼ ਤੌਰ 'ਤੇ ਸੱਦੇ ਕਵੀਆਂ-ਕਵਿੱਤਰੀਆਂ ਬਾਬਾ ਨਜ਼ਮੀ, ਸੁਖਵਿੰਦਰ ਅੰਮ੍ਰਿਤ, ਗੁਰਤੇਜ ਕੋਹਾਰਵਾਲਾ ਆਦਿ ਨੇ ਆਪੋ ਆਪਣੀਆਂ ਨਜ਼ਮਾਂ, ਗ਼ਜ਼ਲਾਂ, ਗੀਤਾਂ ਨਾਲ ਆਲੇ ਦੁਆਲੇ 'ਚ ਵਿਸਮਾਦ ਭਰ ਦਿੱਤਾ। ਸਥਾਨਿਕ ਕਵੀਆਂ ਨੇ ਜਿੱਥੇ ਵੱਖ ਵੱਖ ਵਿਸ਼ਿਆਂ ਨੂੰ ਆਪਣੇ ਕਲਾਵੇ 'ਚ ਲਈ ਬੈਠੇ ਕਾਵਿ-ਰੂਪਾਂ ਨੂੰ ਪੇਸ਼ ਕੀਤਾ ਉਥੇ ਪੰਜਾਬੀ ਲਿਖਾਰੀ ਸਭਾ ਸਿਆਟਲ ਤੋਂ ਪ੍ਰੋਗਰਾਮ ਦਾ ਹਿੱਸਾ ਬਣੇ, ਸਭਾ ਦੇ ਪ੍ਰਧਾਨ ਬਲਿਹਾਰ ਸਿੰਘ ਲੇਹਲ ਨੇ ਨਸ਼ਿਆਂ ਜਿਹੀ ਕੁਰੀਤੀ ਦੇ ਸੰਬੰਧਿਤ ਗੀਤ, ਮੰਗਤ ਕੁਲਜਿੰਦ ਨੇ ਸੱਭਿਆਚਾਰਕ ਗੀਤ-ਇੱਲਾਂ 'ਤੇ ਕਾਵਾਂ ਰਲ ਕੇ ਪੁੱਛੇ ਸਿਰਨਾਵੇਂ ਬਈ...., ਸਾਧੂ ਸਿੰਘ ਝੱਜ ਨੇ ਹਾਸਿਆਂ ਭਰੇ ਲਹਿਜ਼ੇ ਵਿੱਚ ਭਾਰਤੀ ਅਤੇ ਅਮਰੀਕਨ ਸਮਾਜ ਦੀ ਤੁਲਨਾ ਅਤੇ ਸਿਹਤ-ਸੁਚੇਤਨਾ ਦੇ ਗਿਆਨੀ ਸਭਾ ਦੇ ਮੈਂਬਰ ਸ਼ਸ਼ੀ ਪਰਾਸ਼ਰ ਨੇ ਹਾਜ਼ਰੀ ਲਵਾਈ। ਹਰ ਇਕ ਵਿਸ਼ੇ ਤੇ ਔਰਤਾਂ ਦੀ ਅੱਧ ਤੋਂ ਵੱਧ ਨੁਮਾਇੰਗੀ ਇਸ ਪ੍ਰੋਗਰਾਮ ਦੀ ਪ੍ਰਾਪਤੀ ਸੀ। ਡਾ. ਸਾਹਿਬ ਸਿੰਘ ਨੇ ਬੇਟੀ ਅਰਸ਼ਿਤਾ ਸਿੰਘ ਦੇ ਸਹਿਯੋਗ ਨਾਲ ਦੋਨੋਂ ਦਿਨ ਖੇਡੇ ਨਾਟਕਾਂ 'ਲੱਛੂ ਕਬਾੜੀਆ' ਅਤੇ 'ਸੰਦੂਕੜੀ ਖੋਲ੍ਹ ਨਰੈਣਿਆ' ਨੂੰ ਦੇਖਣ ਵਾਲਿਆਂ ਦਾ ਸਮੁੰਦਰੀ-ਇਕੱਠ ਇਹਨਾਂ ਦੀ ਲੋਕ-ਪਸੰਦੀ ਦਾ ਸਬੂਤ ਸੀ। ਸ. ਅਰਜਨ ਸਿੰਘ ਬਾਠ ਯਾਦਗਾਰੀ ਐਵਾਰਡ, ਪੰਜਾਬ ਭਵਨ ਵੱਲੋਂ ਸਮਾਜ ਸੇਵਕ ਸੁੱਚਾ ਸਿੰਘ ਕਲੇਰ, ਨਦੀਮ ਪਰਮਾਰ ਸ਼ਾਇਰ, ਮਨਜੀਤ ਗਿੱਲ ਸਮਾਜ ਸੇਵਿਕਾ ਨੂੰ ਦਿੱਤਾ ਗਿਆ ਜਦੋਂ ਕਿ ਧਾਮੀ ਪਰਿਵਾਰ ਯਾਦਗਾਰੀ ਐਵਾਰਡ ਨਾਲ ਬਲਵਿੰਦਰ ਸੰਧੂ (ਭਾਰਤ) ਨੂੰ ਸਨਮਾਨਿਤ ਕੀਤਾ ਗਿਆ। ਸੰਚਾਰ ਦੇ ਵੱਖ ਵੱਖ ਮਾਧਿਅਮਾਂ ਰਾਹੀਂ ਇਸ ਸੰਮੇਲਨ ਦਾ ਪਲ ਪਲ, ਛਿਣ ਛਿਣ, ਦੇਸ਼ ਵਿਦੇਸ਼ ਬੈਠੇ ਪੰਜਾਬੀ ਪਿਆਰਿਆਂ ਦੇ ਕੰਨਾਂ ਵਿੱਚ ਰਸ ਘੋਲਦਾ ਰਿਹਾ ਅਤੇ ਨਾਲ ਹੀ ਉਹਨਾਂ ਦੀਆਂ ਅੱਖਾਂ ਨੂੰ ਸਕੂਨ ਬਖ਼ਸ਼ਦਾ ਰਿਹਾ। ਇਸ ਪ੍ਰੋਗਰਾਮ ਵਿਚ ਦੇਸ਼ਾਂ-ਵਿਦੇਸ਼ਾਂ ਤੋਂ ਉੱਘੀਆਂ ਸ਼ਖ਼ਸੀਅਤਾਂ ਨੇ ਸਮਾਗਮ ਵਿੱਚ ਸ਼ਿਰਕਤ ਕੀਤੀ।

# SIKH HERITAGE

## Memorial of Martyr Sub Lt Gur Iqbal Singh Sandhu unveiled



Dr Padmakumar Nair, Director, Thapar Institute of Engineering and Technology, unveiled a memorial in the form of a mural at the library of the institute to commemorate the sacrifice of Sub Lt Gur Iqbal Singh Sandhu, who laid down his life for the country during the 1971 India-Pakistan war.

The function was attended by a number of alumni, faculty members, and batchmates of Sub Lt Sandhu. Many Army officers who graduated from Thapar Institute attended the function. They were led by veteran Major General Gurdeep Singh and Rear Admiral Anil Handa.

## World Bank's Banga Faces Pressure on Resources, Shareholder Schisms



World Bank President Ajay Banga will come under pressure this week to focus on climate change, but the former Mastercard CEO first needs to get shareholders in line on how to grow the bank. Banga, just 130 days into the job, has a mandate to broaden the multilateral development lender's mission to tackle global crises including climate change, pandemics and fragile states.

But with annual climate transition finance needs estimated at up to $3 trillion for emerging market and low-income economies by 2030, development advocates are calling on him to make tackling global warming the priority at his first World Bank and International Monetary Fund (IMF) annual meetings.

## ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. When was the Bauli constructed at Goindwal Sahib?**

A. 1555 B. 1557

C. 1559 D. 1561

**2. What instructions did Guru Angad Dev ji give while making Guru Amardas ji a Sikh?**

A. To become a Sikh, read and contemplate on Bani.

B. Applying the teachings of Bani in your practical life.

C. Renunciation of the rituals being performed.

D. All of the above

**3. ਦਿੱਲੀ ਵਿਖੇ ਸਥਿਤ ਗੁਰਦੁਆਰਾ ਬੰਗਲਾ ਸਾਹਿਬ ਕਿਸ ਗੁਰੂ ਦੀ ਯਾਦ ਨੂੰ ਸਮਰਪਿਤ ਹੈ?**

a. ਗੁਰੂ ਅਰਜਨ ਸਾਹਿਬ ਜੀ b. ਗੁਰੂ ਹਰਿਕ੍ਰਿਸ਼ਨ ਜੀ

c. ਗੁਰੂ ਹਰਿਰਾਇ ਜੀ d. ਗੁਰੂ ਤੇਗ ਬਹਾਦਰ ਜੀ

**4. ਗੁਰੂ ਅਮਰਦਾਸ ਜੀ ਨੇ 'ਬੋਹਿਥਾ ਬਾਣੀ ਕਾ ਦੋਹਿਤਾ' ਵਾਕ ਕਿਸ ਗੁਰੂ ਲਈ ਵਰਤੇ ਸਨ?**

a. ਗੁਰੂ ਰਾਮਦਾਸ ਜੀ b. ਗੁਰੂ ਨਾਨਕ ਸਾਹਿਬ ਜੀ

c. ਗੁਰੂ ਹਰਿਗੋਬਿੰਦ ਜੀ d. ਗੁਰੂ ਅਰਜਨ ਸਾਹਿਬ ਜੀ

**3. ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਕਿਸ ਗੁਰੂ ਨੇ ਬਖਸ਼ੀ?**

a. ਗੁਰੂ ਰਾਮਦਾਸ ਜੀ b. ਗੁਰੂ ਨਾਨਕ ਸਾਹਿਬ ਜੀ

c. ਗੁਰੂ ਗੋਬਿੰਦ ਸਿੰਘ ਜੀ d. ਗੁਰੂ ਅਰਜਨ ਸਾਹਿਬ ਜੀ

(ਦੇਖੋ ਉੱਤਰ ਪੰਨਾ 4 'ਤੇ)

Explore the World with
Amar Holidays Pvt. Ltd.

Gurpreet Singh
Director
(India) : +91 9810210366
(Canada) : +1 778 970 6660
(Whatsapp Call Only)

AMAR HOLIDAYS PVT. LTD.
Amar Tour & Travels (Since 1998)
Call For Domestic & International Ticket & Tour Packages Also
Best Deals For : USA, CANADA, EUROPE, LONDON, AUSTRALIA & NEW ZELAND, WORLD WIDE HOTEL BOOKING
E-mail : gurpreet@amarholidays.com
Website : www.amarholidays.com
IATA
TAFI Travel Agents Federation of India

Ready to embark on unforgettable adventures? Look no further! *Amar Holiday* is here to turn your wanderlust into reality. With our exceptional travel services and expertise, we are committed to curating the most extraordinary experiences just for you. Get ready to create memories that will last a lifetime!

# HEALTH

## *How to Get Rid of Acne?*

Taranpreet Singh CA

### Introduction:

Acne is a skin condition that occurs when your skin follicles become blocked with oil and dead skin cells. It's a very common condition, and most people have experienced acne in their lifetime, especially during their teen years as their sebaceous glands produce more oil. It often results in the formation of pimples, blackheads, whiteheads, and sometimes more severe forms like cysts or nodules. Acne most commonly appears on the face, but it can also affect the neck, chest, back, and shoulders. It is typically associated with hormonal changes during adolescence, but it can affect people of all ages There are various factors that can contribute to the development of acne, including:

- Excess Oil Production, Clogged Hair Follicles, Bacteria, Hormonal Changes, Diet and Lifestyle

While there are over-the-counter and prescription treatments available for acne, many people also turn to home remedies to help manage their symptoms. Keep in mind that the effectiveness of these remedies can vary from person to person, and it's essential to consult with a dermatologist for severe or persistent acne. Here are some home remedies that may help:

1. Cleansing
2. Apply apple cider vinegar
3. Make a honey and cinnamon mask
4. Spot treat with tea tree oil
5. Apply green tea to your skin
6. Moisturize with aloe vera
7. Follow a low glycemic diet
8. Stress Management

### Conclusion

Remember that it may take some time to see noticeable results from home remedies, and it's essential to be patient. If your acne is severe or not improving with home treatments, consult a dermatologist for professional advice and potential prescription treatments. They can provide personalized recommendations based on your specific skin type and condition.

## ਮਰਹੂਮ ਇੰਜਨੀਅਰ ਜਸਵੰਤ ਸਿੰਘ ਗਿੱਲ ਦੇ ਜੀਵਨ 'ਤੇ ਬਣੀ ਫਿਲਮ ਨੂੰ ਭਰਵਾਂ ਹੁੰਗਾਰਾ



ਅੰਮ੍ਰਿਤਸਰ ਵਾਸੀ ਇੰਜਨੀਅਰ ਜਸਵੰਤ ਸਿੰਘ ਗਿੱਲ 'ਤੇ ਬਣੀ ਫਿਲਮ ਮਿਸ਼ਨ ਰਾਣੀਗੰਜ 6 ਅਕਤੂਬਰ ਨੂੰ ਰਿਲੀਜ਼ ਹੋਈ ਸੀ ਜਿਸਨੂੰ ਸਰੋਤਿਆਂ ਵਲੋਂ ਬਹੁਤ ਸਲਾਹਿਆ ਜਾ ਰਿਹਾ ਹੈ। ਇਹ ਫਿਲਮ 1989 ਵਿਚ ਪੱਛਮੀ ਬੰਗਾਲ ਦੇ ਰਾਣੀਗੰਜ ਵਿਚ ਵਾਪਰੀ ਉਸ ਘਟਨਾ 'ਤੇ ਅਧਾਰਿਤ ਹੈ ਜਿਸ ਵਿਚ ਕੋਲੇ ਦੀ ਖਾਣ ਵਿਚ ਪਾਣੀ ਭਰ ਜਾਣ ਕਾਰਨ ਉਸ ਵਿਚ ਫਸੇ ਮਜ਼ਦੂਰਾਂ 'ਚੋਂ 65 ਦੀ ਜਾਨ ਇਕੱਲੇ ਇੰਜਨੀਅਰ ਜਸਵੰਤ ਸਿੰਘ ਗਿੱਲ ਨੇ ਇਕ ਵਿਸ਼ੇਸ਼ ਕਿਸਮ ਦੇ ਕੈਪਸੂਲ ਦੀ ਸਹਾਇਤਾ ਨਾਲ ਖਾਨ ਦੇ ਅੰਦਰ ਜਾ ਕੇ ਬਚਾਈ ਸੀ। ਉਹਨਾਂ ਦੇ ਇਸ ਸਾਹਸੀ ਕਾਰਨਾਮੇ ਦੀ ਪੂਰੇ ਦੇਸ਼ 'ਚ ਚਰਚਾ ਹੋਈ ਸੀ ਅਤੇ ਦੇਸ਼ ਦੇ ਰਾਸ਼ਟਰਪਤੀ ਵਲੋਂ ਉਨ੍ਹਾਂ ਨੂੰ ਸਰਵੋਤਮ 'ਜੀਵਨ ਰਕਸ਼ਕ ਪਦਕ' ਨਾਲ ਸਨਮਾਨਿਤ ਕੀਤਾ ਗਿਆ ਸੀ। ਫਿਲਮ 'ਚ ਅਦਾਕਾਰ ਅਕਸ਼ੈ ਕੁਮਾਰ ਨੇ ਇੰਜਨੀਅਰ ਜਸਵੰਤ ਸਿੰਘ ਦਾ ਕਿਰਦਾਰ ਨਿਭਾਇਆ ਹੈ।


## SIKH MATRIMONIALS

Gursikh arora boy 33/5'11'/MS Canada PR software engineer. Seeking Educated girl contact +91-9810359796

Gursikh BDS girl doing job as Dental Surgeon 24/4'9" seeking match from Abroad/ India. Elder sister married in USA. Contact Mother +91 7404161609

Gursikh girl MBA/ 39' /5'4"/ Divorced Now doing MBA from UK/Seeking Educated Boy from UK,Canada Contact+91 9811368469

Gursikh Jat Sikh girl 31/5'6"/MTech/Working as Database administrator in Toronto/Canada PR/ Contact +1 4379733288


ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. C 2. D 3. B 4. D 5. C

Chief Editor: Dr. Harjinder Singh Editor: Dr. Davinder Singh Designer: Pavit Singh

Advisory Board: Gujinder Singh (USA), Harpreet Kaur (Belgium), Harmohinder Singh (USA), Manmeet Kaur (UK), Taranpreet Singh (India), Gurpardeep Singh (Canada)



email: canadasikhtimes@gmail.com, M: +1 437 673 7555